September 18, 2023

ਪਿਆਰੇ ਮਾਪਿਓ ਅਤੇ ਗਾਰਡੀਅਨਜ਼,

ਨਵੇਂ ਸਕੂਲ ਸਾਲ ਦੇ ਸ਼ੁਰੂ ਵਿੱਚ ਮੈਂ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਸੂਬੇ ਦੀ ਪੱਧਰ ਦਾ ਇਹ ਸਾਲਾਨਾ ਟੈੱਸਟ ਸਾਡੇ ਸੂਬੇ ਵਿੱਚ ਗ੍ਰੇਡ 4 ਤੋਂ ਗ੍ਰੇਡ 7 ਤੱਕ ਦੇ ਹਰ ਵਿਦਿਆਰਥੀ ਦਾ ਲਿਆ ਜਾਂਦਾ ਹੈ।

**ਸਾਡੇ ਡਿਸਟ੍ਰਿਕਟ ਵਿੱਚ ਐੱਫ ਐੱਸ ਏ ਦਾ ਟੈੱਸਟ 2 ਅਕਤੂਬਰ ਅਤੇ 10 ਨਵੰਬਰ 2023 ਵਿਚਕਾਰ ਲਿਆ ਜਾਵੇਗਾ। ਇਹ ਟੈੱਸਟ ਤੁਹਾਡੇ ਬੱਚੇ ਦੇ ਸਕੂਲ ਵਿੱਚ ਸਕੂਲ ਦੇ ਸਮੇਂ ਦੌਰਾਨ ਲਿਆ ਜਾਵੇਗਾ।**

ਐੱਫ ਐੱਸ ਏ ਸਾਡੇ ਵਿਦਿਅਕ ਪ੍ਰਬੰਧ ਨੂੰ ਰੂਪ ਦੇਣ ਅਤੇ ਪੜ੍ਹਨ, ਲਿਖਣ, ਹਿਸਾਬ, ਅਤੇ ਸਵੈ-ਧਿਆਨ (ਸੈਲਫ ਰਿਫਲੈਕਸ਼ਨ) ਵਿੱਚ ਸਾਡੇ ਵਿਦਿਆਰਥੀਆਂ ਦੀ ਮੁਢਲੀਆਂ ਯੋਗਤਾਵਾਂ ਦੀ ਤਸਵੀਰ ਪੇਸ਼ ਕਰਨ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਐੱਫ ਐੱਸ ਏ ਦਾ ਟੈੱਸਟ ਵਿਦਿਆਰਥੀਆਂ ਨੂੰ ਟੈੱਸਟ ਦੇਣ ਵਿੱਚ ਕੀਮਤੀ ਤਜਰਬਾ ਪ੍ਰਦਾਨ ਕਰਦਾ ਹੈ, ਜਿਹੜਾ ਤਜਰਬਾ ਉਹਨਾਂ ਨੂੰ ਹਾਈ ਸਕੂਲ ਵਿੱਚੋਂ ਗ੍ਰੈਜੂਏਟ ਹੋਣ ਲਈ ਗ੍ਰੇਡ 10 ਅਤੇ ਗ੍ਰੇਡ 12 ਵਿੱਚ ਜ਼ਰੂਰੀ ਦਿੱਤੇ ਜਾਣ ਵਾਲੇ ਹੋਰ ਗੁੰਝਲਦਾਰ ਟੈੱਸਟਾਂ ਲਈ ਤਿਆਰ ਕਰਦਾ ਹੈ।

ਐੱਫ ਐੱਸ ਏ ਦੇ ਨਤੀਜੇ ਰਿਪੋਰਟ ਕਾਰਡਾ ਵਿੱਚ ਸ਼ਾਮਲ ਨਹੀਂ ਕੀਤੇ ਜਾਂਦੇ, ਪਰ ਤੁਹਾਡੇ ਬੱਚੇ ਦੇ ਨਤੀਜੇ ਤੁਹਾਡੇ ਬੱਚੇ ਦੀ ਪੱਧਰ `ਤੇ ਤੁਹਾਡੇ ਨਾਲ ਗੁਪਤ ਰੂਪ ਵਿੱਚ ਸਾਂਝੇ ਕੀਤੇ ਜਾਣਗੇ। ਨਤੀਜੇ ਉਹਨਾਂ ਵਾਧੂ ਮਦਦਾਂ ਦੀ ਲੋੜ ਵਾਲੇ ਖੇਤਰਾਂ ਅਤੇ ਸੂਬਾਈ ਪਾਠਕ੍ਰਮ ਵਿੱਚ ਲੋੜੀਂਦੀਆਂ ਤਬਦੀਲੀਆਂ ਦੀ ਪਛਾਣ ਕਰਨ ਲਈ ਜ਼ਿਲ੍ਹੇ ਅਤੇ ਸੂਬੇ ਦੀ ਪੱਧਰ `ਤੇ ਕੀਮਤੀ ਜਾਣਕਾਰੀ ਵੀ ਪ੍ਰਦਾਨ ਕਰਦੇ ਹਨ। ਇਸ ਨਾਲ ਸਾਨੂੰ ਸਾਡੇ ਵਲੋਂ ਦਿੱਤੀ ਜਾਂਦੀ ਵਿਦਿਆ ਦੀ ਕੁਆਲਟੀ ਵਿੱਚ ਲਗਾਤਾਰ ਸੁਧਾਰ ਕਰਨ ਵਿੱਚ ਮਦਦ ਮਿਲਦੀ ਹੈ।

ਕਿਰਪਾ ਕਰਕੇ ਨੋਟ ਕਰੋ ਕਿ ਬੀ ਸੀ ਟੀਚਰਜ਼ ਫੈਡਰੇਸ਼ਨ ਅਤੇ ਬੀ ਸੀ ਪਬਲਿਕ ਸਕੂਲ ਇੰਪਲੋਇਰਜ਼ ਐਸੋਸੀਏਸ਼ਨ ਵਿਚਕਾਰ ਪ੍ਰੋਟੋਕਲ (ਨਿਯਮਾਂ) ਦਾ ਸਮਝੌਤਾ ਟੀਚਰਾਂ ਨੂੰ ਮਾਪਿਆਂ ਨੂੰ ਐੱਫ ਐੱਸ ਏ ਨਾਲ ਸੰਬੰਧਿਤ ਜਾਣਕਾਰੀ ਦੇਣ ਦੀ ਆਗਿਆ ਦਿੰਦਾ ਹੈ। ਇਸ ਸਮੱਗਰੀ ਵਿੱਚ ਇਕ ਪਾੜ ਕੇ ਦੇਣ ਵਾਲਾ ਹਿੱਸਾ (ਟੀਅਰ ਆਫ ਸੈਕਸ਼ਨ) ਵੀ ਹੈ, ਜਿਸ ਵਿੱਚ ਮਾਪੇ ਆਪਣੀ ਇਸ ਚੋਣ ਬਾਰੇ ਦੱਸ ਸਕਦੇ ਹਨ ਕਿ ਉਹਨਾਂ ਦਾ ਬੱਚਾ ਇਹ ਟੈੱਸਟ ਨਹੀਂ ਦੇਵੇਗਾ। ਕਿਰਪਾ ਕਰਕੇ ਇਹ ਨੋਟ ਕਰੋ ਕਿ ਇਹ ਫਾਰਮ ਆਪਣੇ ਆਪ ਵਿੱਚ ਬੱਚੇ ਨੂੰ ਐੱਫ ਐੱਸ ਏ ਟੈੱਸਟ ਦੇਣ ਤੋਂ ਛੋਟ ਦੇਣ ਲਈ ਕਾਫੀ ਨਹੀਂ ਹੈ। ਛੋਟ ਦੇਣ ਦਾ ਅਧਿਕਾਰ ਸਕੂਲਾਂ ਦੇ ਪ੍ਰਿੰਸੀਪਲਾਂ ਕੋਲ ਹੈ, ਜਿਹੜੇ ਮਾਪਿਆਂ ਦੀ ਸਲਾਹ ਨਾਲ ਮਨਿਸਟਰੀ ਦੀਆਂ ਛੋਟਾਂ `ਤੇ ਪੂਰੇ ਉਤਰਨ ਵਾਲੇ ਵਿਦਿਆਰਥੀਆਂ ਨੂੰ ਛੋਟ ਦੇ ਸਕਦੇ ਹਨ। ਇਹਨਾਂ ਛੋਟਾਂ ਵਿੱਚ ਉਹ ਬੱਚੇ ਸ਼ਾਮਲ ਹਨ ਜਿਹਨਾਂ ਦੀਆਂ ਨਿੱਜੀ ਵਿਦਿਅਕ ਪਲੈਨਾਂ (ਇਨਡਿਵਿਜੁਅਲ ਐਜੂਕੇਸ਼ਨ ਪਲੈਨਜ਼ - ਆਈ ਈ ਪੀਜ਼) ਵਿੱਚ ਅਜਿਹੀਆਂ ਸਿੱਖਣ ਦੀਆਂ ਲੋੜਾਂ ਦਰਜ ਹਨ ਜਿਹੜੀਆਂ ਉਹਨਾਂ ਨੂੰ ਟੈੱਸਟ ਦੇਣ ਤੋਂ ਰੋਕਦੀਆਂ ਹਨ ਅਤੇ ਅੰਗਰੇਜ਼ੀ ਸਿੱਖਣ ਵਾਲੇ ਉਹ ਵਿਦਿਆਰਥੀ (ਈ ਐੱਲ ਐੱਲ ਲਰਨਰਜ਼) ਸ਼ਾਮਲ ਹਨ ਜਿਹਨਾਂ ਨੂੰ ਸਵਾਲਾਂ ਨੂੰ ਸਮਝਣ ਜਿੰਨੀ ਅੰਗਰੇਜ਼ੀ ਨਹੀਂ ਆਉਂਦੀ। ਇਸ ਤੋਂ ਬਿਨਾਂ ਪ੍ਰਿੰਸੀਪਲ ਪਰਿਵਾਰਕ ਐਮਰਜੰਸੀਆਂ, ਲੰਮੀ ਬੀਮਾਰੀ ਜਾਂ ਇਸ ਤਰ੍ਹਾਂ ਦੀਆਂ ਔਖੀਆਂ ਹਾਲਤਾਂ ਵਿਚ ਹੋਣ ਵਾਲੇ ਵਿਦਿਆਰਥੀ ਨੂੰ ਛੋਟ ਦੇ ਸਕਦੇ ਹਨ।

ਐੱਫ ਐੱਸ ਏ ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਮਨਿਸਟਰੀ ਆਫ ਐਜੂਕੇਸ਼ਨ ਐਂਡ ਚਾਇਲਡ ਕੇਅਰ ਦੇ ਵੈੱਬਸਾਈਟ `ਤੇ ਜਾਉ ਜਾਂ ਆਪਣੇ ਸਕੂਲ ਨਾਲ ਸੰਪਰਕ ਕਰੋ।

ਤੁਹਾਡੇ ਵੱਲੋਂ ਲਗਾਤਾਰ ਦਿੱਤੇ ਜਾਂਦੇ ਸਮਰਥਨ ਲਈ ਤੁਹਾਡਾ ਧੰਨਵਾਦ।

ਸੱਚੇ ਦਿਲੋਂ,

ਮਾਰਕ ਪੀਅਰਮੇਨ

ਸੁਪਰਡੈਂਟ, ਸੀ ਈ ਓ।

**Surrey School District** 14033 92 Avenue, Surrey, BC V3V 0B7
Tel: 604-596-7333 | www.SurreySchools.ca